# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.) ਸੰਗਰੂਰ।

ਵੱਲ

ਸਮੂਹ ਸਕੂਲ ਮੁਖੀ
ਸਸਸਸ/ਸਹਸ/ਸਮਿਸ
ਸੰਗਰੂਰ।

ਮੀਮੋ ਨੰ. ਆਈ.ਸੀ.ਟੀ./ਵੈਬਸਾਈਟ/2015-16/857
ਮਿਤੀ 06.05.2015

**ਵਿਸ਼ਾ: ਵੈਬਸਾਈਟ 'ਤੇ ਸਕੂਲ ਦਾ ਡਾਟਾ ਭਰਨ/ਸਹੀ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਜਿਵੇਂ ਕਿ ਆਪ ਸਭ ਨੂੰ ਪਤਾ ਹੈ ਕਿ ਇਸ ਦਫ਼ਤਰ ਵੱਲੋਂ ਜ਼ਿਲ੍ਹੇ ਦੀ ਵੈਬਸਾਈਟ www.deosesangrur.com ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਇਸ ਦਫ਼ਤਰ ਵੱਲੋਂ ਵੱਧ ਤੋਂ ਵੱਧ ਕੋਸ਼ਿਸ਼ ਇਹ ਰਹੀ ਹੈ ਕਿ ਸਕੂਲਾਂ ਤੋਂ ਬਾਰ-ਬਾਰ ਇੱਕੋਂ ਤਰ੍ਹਾਂ ਦੀ ਸੂਚਨਾ ਨਾਂ ਮੰਗਵਾਈ ਜਾਵੇ ਅਤੇ ਪੇਪਰ-ਵਰਕ ਨੂੰ ਵੀ ਘਟਾਇਆ ਜਾਵੇ।

ਪਰ ਅਜੇ ਤੱਕ ਬਹੁਤ ਸਾਰੇ ਸਕੂਲਾਂ ਵੱਲੋਂ ਉਹਨਾਂ ਦੇ ਸਕੂਲ ਦੇ School Profile, Staff Statement, Posts Information, Student Enrollment, School Accounts ਆਦਿ ਦੀ ਸੂਚਨਾ ਪੂਰੀ ਤਰ੍ਹਾਂ ਨਹੀ ਭਰੀ ਗਈ। ਜਿਸ ਕਰਕੇ ਵੈਬਸਾਈਟ ਤੋਂ ਇਸ ਦਾ ਪੂਰਨ ਲਾਭ ਨਹੀ ਲਿਆ ਜਾ ਰਿਹਾ ਅਤੇ ਆਪ ਨੂੰ ਵੀ ਇਸ ਦਾ ਲਾਭ ਨਹੀ ਮਿਲ ਰਿਹਾ। ਵੈਬਸਾਈਟ 'ਤੇ ਡਾਟਾ ਦੀ ਵੈਰੀਫਿਕੇਸ਼ਨ ਲਈ ਬਲਾਕ ਪੱਧਰ 'ਤੇ ਸਕੂਲ ਮੁਖੀਆਂ ਦੀ ਮੀਟਿੰਗ ਅਗਲੇ ਹਫ਼ਤੇ ਰੱਖੀ ਜਾਣੀ ਹੈ। ਜਿਸ ਦਾ ਸ਼ਡਿਊਲ ਆਪ ਨੂੰ ਜਲਦ ਹੀ ਭੇਜ ਦਿੱਤਾ ਜਾਵੇਗਾ।

ਇਸ ਲਈ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਵੈਬਸਾਈਟ 'ਤੇ ਆਪਣੇ ਸਕੂਲ ਅਤੇ ਨਾਲ ਅਟੈਚ ਮਿਡਲ ਸਕੂਲ ਦਾ ਡਾਟਾ ਬਲਾਕ ਪੱਧਰ 'ਤੇ ਹੋਣ ਵਾਲੀ ਮੀਟਿੰਗ ਤੋਂ ਪਹਿਲਾਂ-ਪਹਿਲਾਂ ਭਰਿਆ ਜਾਵੇ। ਵੈਬਸਾਈਟ 'ਤੇ ਪੋਸਟਾਂ ਦੀ ਸੂਚਨਾ Unlock ਕਰ ਦਿੱਤੀ ਗਈ ਹੈ। ਇਸ ਲਈ ਆਪਣੇ ਸਕੂਲ ਦੇ ਰਿਕਾਰਡ ਮੁਤਾਬਿਕ ਪੋਸਟਾਂ ਵਿੱਚ ਲੋੜੀਂਦਾ ਬਦਲਾਵ (ਜੇਕਰ ਕੋਈ ਹੈ ਤਾਂ) ਕਰ ਲਿਆ ਜਾਵੇ।

(ਨਿਰਮਲ ਸਿੰਘ)
ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.)
ਸੰਗਰੂਰ।